# ਦਫਤਰ ਖੇਤੀਬਾੜੀ ਸਲਾਹਕਾਰ ਸਿੱਖਿਆ ਵਿਭਾਗ ਪੰਜਾਬ

ਪੰ:ਸ:ਸਿ:ਬੋਰਡ ਕੰਪਲੈਕਸ, ਬਲਾਕ ਈ, 7ਵੀਂ ਮੰਜਿਲ, ਫੇਜ-8, ਐਸ.ਏ.ਐਸ.ਨਗਰ

ਵੈਬਸਾਈਟ ਰਾਹੀਂ

ਵੱਲ

ਖੇਤੀਬਾੜੀ ਫਾਰਮਾਂ ਵਾਲ ਸਮੂਹ ਸਕੂਲ ਮੁੱਖੀ,
ਸ.ਸ.ਸ./ਹਾਈ ਸਕੂਲ,
ਪੰਜਾਬ ਰਾਜ।

ਮੀਮੋ ਨੰ: 2/ 30 -2019 ਖਬਸ/ 63

ਮਿਤੀ: ਐਸ.ਏ.ਐਸ.ਨਗਰ: 01-10-2019

ਵਿਸ਼ਾ: ਸਰਕਾਰੀ ਸਕੂਲਾਂ ਦੇ ਬਿਜਲੀ ਦੇ ਬਿਲਾਂ ਦੀ ਅਦਾਇਗੀ ਸਬੰਧੀ- One time Settlement Scheme for all categories of defaulting consumers (Vide Commercial Circular No. 32/2019) ਅਧੀਨ ਆਪਸ਼ਨ ਦੇਣ ਸਬੰਧੀ।

ਹਵਾਲਾ: ਡੀ.ਪੀ.ਆਈ.(ਸੈਸਿ) ਪੰਜਾਬ ਦੇ ਮੀਮੋ ਨੰ: 9/07-2019 ਬਜਟ (4)/2019322517-23 ਮਿਤੀ 23.9.2019 ਸਬੰਧੀ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਜੇਕਰ ਪੀ.ਐਸ.ਪੀ.ਸੀ.ਐਲ. ਦੀ ਕਿਸੇ ਖੇਤੀਬਾੜੀ ਫਾਰਮ ਵਾਲੇ ਸਕੂਲ ਵੱਲ, ਫਾਰਮ ਦੀ ਜਮੀਨ ਵਿੱਚਲੀ ਸਿੰਚਾਈ ਵਾਲੀ ਮੋਟਰ ਦਾ ਜਾਂ ਫਾਰਮ ਨਾਲ ਸਬੰਧਤ ਬਿਜਲੀ ਕੁਨੈਕਸ਼ਨ ਦੀ ਕੋਈ ਰਾਸ਼ੀ ਬਕਾਇਆ ਹੈ ਤਾਂ ਉਸਦਾ ਨਿਪਟਾਰਾ ਕਰਨ ਹਿੱਤ ਡੀ.ਪੀ.ਆਈ.(ਸੈਸਿ) ਦੇ ਪੱਤਰ ਅਨੁਸਾਰ ਬਣਦੀ ਕਾਰਵਾਈ ਤੁਰੰਤ ਅਰੰਭੀ ਜਾਵੇ।

ਨੱਥੀ: ਪੱਤਰ ਦੀ ਕਾਪੀ।

01/10/19

ਸਹਾਇਕ ਡਾਇਰੈਕਟਰ(ਖੇਤੀਬਾੜੀ)

## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ), ਪੰਜਾਬ, ਐਸ.ਏ.ਐਸ ਨਗਰ।
### (ਬਜਟ ਸਾਖਾ)

ਸੇਵਾ ਵਿਖੇ,

1. ਡੀ.ਪੀ.ਆਈ(ਐ:ਸਿ:) ਪੰਜਾਬ, ਐਸ.ਏ.ਐਸ ਨਗਰ।
2. ਡਾਇਰੈਕਟਰ, ਐਸ.ਸੀ.ਈ.ਆਰ.ਟੀ ਪੰਜਾਬ, ਐਸ.ਏ.ਐਸ ਨਗਰ
3. ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ)।
4. ਸਮੂਹ ਜਿਲਾ ਸਿੱਖਿਆ ਅਫਸਰ(ਐ:ਸਿ)।
5. ਸਲਾਹਕਾਰ ਤਕਨੀਕੀ ਸਿੱਖਿਆ ਪੰਜਾਬ, ਐਸ.ਏ.ਐਸ ਨਗਰ।
6. ਪ੍ਰਿੰਸੀਪਲ, ਪੀ.ਟੀ.ਟੀ.ਆਈ ਮਾਹਿਲਪੁਰ (ਹੁਸ਼ਿਆਰਪੁਰ)।
7. ਖੇਤੀਬਾੜੀ ਸਲਾਹਕਾਰ, ਪੰਜਾਬ, ਐਸ.ਏ.ਐਸ ਨਗਰ।

ਮੀਮੋ ਨੰ: 9/07-2019 ਬਜਟ (4)/2019322517-23
ਮਿਤੀ ਐਸ.ਏ.ਐਸ ਨਗਰ: 23/9/19

ਵਿਸ਼ਾ:- ਸਰਕਾਰੀ ਸਕੂਲਾਂ ਦੇ ਬਿਜਲੀ ਦੇ ਬਿੱਲਾਂ ਦੀ ਅਦਾਇਗੀ ਸਬੰਧੀ - One time Settlement Scheme for all categories of defaulting consumers (Vide Commercial Circular No. 32/2019 ਅਧੀਨ ਆਪਸ਼ਨ ਦੇਣ ਸਬੰਧੀ।

ਹਵਾਲਾ:- ਪੀ.ਐਸ.ਪੀ.ਸੀ.ਐਲ ਦੇ ਪੱਤਰ ਨੰ: 17279 ਮਿਤੀ 9-08-2019 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਮੁੱਖ ਇੰਜੀਨੀਅਰ/ਵੰਡ ਪੱਛਮ ਜੋਨ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਿਡ, ਬਠਿੰਡਾ ਵੱਲੋਂ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ/ਦਫਤਰਾਂ ਵੱਲ ਬਿਜਲੀ ਕੁਨੈਕਸ਼ਨਾਂ ਦੀ 278.67 ਲੱਖ ਰੁਪਏ ਦੀ ਰਕਮ ਬਕਾਇਆ ਖੜੀ ਦਰਸਾਈ ਹੈ।

ਬਿਜਲੀ ਕੁਨੈਕਸ਼ਨਾਂ ਦੀ ਬਕਾਇਆ ਖੜੀ ਰਕਮ ਸਬੰਧੀ ਮਹਿਕਮਾਂ ਪੀ.ਐਸ.ਪੀ.ਸੀ.ਐਲ ਵੱਲੋਂ ਵਿਸ਼ਾ ਚਰਚਿਤ ਸਕੀਮ ਸੁਰੂ ਕੀਤੀ ਗਈ ਹੈ ਜਿਸਦੀ ਆਖਰੀ ਮਿਤੀ 12/12/2019 ਹੈ। ਇਸ ਸਕੀਮ ਦੇ ਤਹਿਤ ਤੁਸੀ ਸਬੰਧਤ ਉਪ ਮੰਡਲ ਦਫਤਰ ਵਿਖੇ 2000/- ਰੁ: ਪ੍ਰੋਸੈਸਿੰਗ ਫੀਸ ਜਮ੍ਹਾਂ ਕਰਵਾਕੇ ਅੰਡਰਟੇਕਿੰਗ/ਆਪਸਨ ਦੇ ਕੇ ਇਸ ਸਕੀਮ ਰਾਹੀਂ ਬਕਾਇਆ ਖੜੀ ਰਕਮ ਨੂੰ ਘੱਟ ਵਿਆਜ ਦਰ ਤੇ ਜਮ੍ਹਾਂ ਕਰਵਾਉਣ ਦਾ ਫਾਇਦਾ ਲੈ ਸਕਦੇ ਹੋ। ਇਸ ਸਬੰਧੀ ਵਿਸਥਾਰਪੂਰਵਕ ਹਦਾਇਤਾਂ ਵਣਜ ਗਸਤੀ ਪੱਤਰ ਨੰ: 32/2019 ਮਿਤੀ 13/06/19 ਰਾਹੀ ਜਾਰੀ ਕੀਤੀਆਂ ਗਈਆਂ ਹਨ, ਜੋ ਕਿ ਪੀ.ਐਸ.ਪੀ.ਸੀ.ਐਲ ਦੀ ਵੈਬਸਾਇਟ www.pspcl.in ਤੇ ਹੇਠ ਲਿਖੇ ਲਿੰਕ ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। http://docs.pspcl.in/docs/cecommercial 1520190613163400252.pdf

ਇਸਲਈ ਆਪ ਨੂੰ ਪੀ.ਐਸ.ਪੀ.ਸੀ.ਐਲ ਦੇ ਪੱਤਰ ਮਿਤੀ 9-08-2019 ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਿਹਨਾਂ ਦੇ ਬਿਜਲੀ ਬਿੱਲ ਪੈਂਡਿੰਗ ਹਨ ਉਨ੍ਹਾਂ ਵੱਲੋਂ ਇਸ ਸਬੰਧੀ ਕਾਰਵਾਈ ਤੁਰੰਤ ਆਰੰਭ ਕੀਤੀ ਜਾਵੇ ਅਤੇ ਲੋੜ ਅਨੁਸਾਰ ਬਜਟ ਦੀ ਮੰਗ ਕੀਤੀ ਜਾਵੇ।

ਡਿਪਟੀ ਕੰਟਰੋਲਰ(ਵਿੱਤ ਤੇ ਲੇਖਾ)